## ਜਥੇ. ਨੰਦਗੜ੍ਹ, ਬਾਬਾ ਦਾਦੂਵਾਲ੍ਹ ਤੇ ਢੱਡਰੀਆਂ ਵਾਲ੍ਹਿਆਂ ਨੂੰ ਸੋਧ ਦੇਣ ਦੀ ਧਮਕੀ, ਪੁਲਿਸ ਜਾਂਚ ਸ਼ੁਰੂ

ਤਲਵੰਡੀ ਸਾਬੋ, 6 ਮਾਰਚ (ਰਣਜੀਤ ਸਿੰਘ ਰਾਜੂ)–ਬੀਤੇ ਦਿਨੀਂ ਡੇਰਾ ਸਿਰਸਾ ਪ੍ਰੇਮੀਆਂ ਵੱਲੋਂ ਪੰਜਾਬ, ਹਰਿਆਣਾ 'ਚ ਕੀਤੀ ਭੰਨਤੋੜ ਤੋਂ ਬਾਅਦ ਬਠਿੰਡਾ ਨੇੜਲੇ ਪਿੰਡ ਗਿੱਲਪੱਤੀ ਵਿਖੇ 'ਟਾਇਗਰ ਫੋਰਸ' ਦੇ ਨਾ ਹੇਠ ਪ੍ਰੇਮੀਆਂ ਦੇ ਘਰਾਂ ਅੱਗੇ ਧਮਕੀ ਭਰੇ ਪੱਤਰ ਲਾਉਣ ਦੀਆਂ ਖ਼ਬਰਾਂ ਦੇ ਬਾਅਦ ਹੁਣ ਸਿੱਖ ਆਗੂਆਂ ਨੂੰ ਸੋਧ ਦੇਣ ਦੀਆਂ ਧਮਕੀਆਂ ਵਾਲੇ ਪੱਤਰ ਮਿਲੇ ਹਨ। ਨੇੜਲੇ ਪਿੰਡ ਜੱਜਲ ਦੇ ਗੁਰਦੁਆਰਾ ਸਾਹਿਬ ਦੀ ਕੰਧ ਉਪਰ ਬੀਤੀ ਰਾਤ ਕੁਝ ਸ਼ਰਾਰਤੀ ਅਨਸਰਾਂ ਨੇ ਸਿੱਖ ਧਰਮ ਦੇ ਧਾਰਮਿਕ ਆਗੂਆਂ ਬਾਰੇ ਇੱਕ ਧਮਕੀ ਭਰਿਆ ਪੱਤਰ ਚਿਪਕਾ ਦਿੱਤਾ। ਪੱਤਰ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਸੰਤ ਬਾਬਾ ਬਲਜੀਤ ਸਿੰਘ ਖਾਲਸਾ ਦਾਦੂਵਾਲ ਅਤੇ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੂੰ 7 ਦਿਨਾਂ ਅੰਦਰ–ਅੰਦਰ ਸੋਧ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਮਾਮਲੇ ਨੂੰ ਗੰਭੀਰਤਾ ਨਾਲ ਦੇਖਦਿਆਂ ਐਸ. ਐਚ. ਓ. ਨਾਜ਼ਰ ਸਿੰਘ ਘਟਨਾ ਸਥਾਨ 'ਤੇ ਪੁੱਜੇ ਅਤੇ ਉਕਤ ਧਮਕੀ ਪੱਤਰ ਨੂੰ ਕਬਜ਼ੇ ਵਿੱਚ ਕੀਤਾ। ਇਸ ਸਬੰਧੀ ਜਦੋਂ ਐਸ. ਪੀ. ਸੁਰਿੰਦਰਪਾਲ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਹ ਕਿਸੇ ਸ਼ਰਾਰਤੀ ਅਨਸਰ ਦਾ ਕੰਮ ਹੈ। ਪਿੰਡ ਵਾਲਿਆਂ ਅਨੁਸਾਰ ਇਹ ਹੱਥ ਲਿਖਤ ਲਕੀਰਦਾਰ ਪੇਜ਼ ਤੇ ਕਾਲੇ ਪੈੱਨ ਨਾਲ ਲਿਖੀ ਹੋਈ ਅਤੇ ਇਸ ਉੱਪਰ ਕਿਸੇ ਜਥੇਬੰਦੀ ਦਾ ਜਾਂ ਗਰੁੱਪ ਦਾ ਨਾ ਨਹੀਂ ਲਿਖਿਆ ਹੋਇਆ।

## ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ-ਬਲਵੰਤ ਸਿੰਘ ਰਾਮੂੰਵਾਲੀਆ

### ਮਾਨਸਾ 'ਚ ਸਰਕਾਰ ਜਗਾਓ ਰੈਲੀ ਕੀਤੀ

ਮਾਨਸਾ, 6 ਮਾਰਚ (ਸੁਰਿੰਦਰ ਸਿੰਘ ਮਾਨ)–ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਸ: ਬਲਵੰਤ ਸਿੰਘ ਰਾਮੂਵਾਲੀਆ ਨੇ ਦਾਅਵੇ ਨਾਲ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਰਾਜਨੀਤੀ ਦੇ ਨਾਲ–ਨਾਲ ਸਮਾਜਿਕ ਮੁੱਦਿਆਂ ਨੂੰ ਉਠਾ ਕੇ ਕਿ ਸਮਾਜ ਵਿੱਚੋਂ ਕੁਰੀਤੀਆਂ ਨੂੰ ਖਤਮ ਕਰਨ ਲਈ ਉਪਰਾਲੇ ਕੀਤਾ ਜਾਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਅੱਜ ਲੋੜ ਹੈ ਨੌਜਵਾਨਾਂ ਨੂੰ ਨਸ਼ਿਆਂ ਦੀ ਚੁੰਗਲ 'ਚੋਂ ਛੁਡਾਉਣ, ਲੜਕੇ-ਲੜਕੀਆਂ ਦਾ ਮਾਨਸਿਕ, ਆਰਥਿਕ ਤੇ ਸਰੀਰਕ ਸ਼ੋਸਣ ਕਰਨ ਵਾਲੇ ਠੱਗ ਟੋਲਿਆਂ ਨੂੰ ਬੇਲਗਾਮ ਕਰਨ ਅਤੇ ਹੋਰ ਅਲਾਮਤਾਂ ਖਿਲਾਫ਼ ਝੰਡਾ ਚੁੱਕਣ ਦੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਨੌਜਵਾਨਾਂ ਦੀ ਸੂਚੀ ਬਣਾਈ ਜਾ ਰਹੀ ਜਿਨ੍ਹਾਂ ਦੇ ਬਗੈਰ ਦਾਜ ਤੋਂ ਵਿਆਹ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਦਸੰਬਰ 2011 ਤੱਕ 10 ਹਜ਼ਾਰ ਮੁੰਡਿਆਂ ਨੂੰ ਸੂਚੀਬੱਧ ਕਰਕੇ 10 ਹਜ਼ਾਰ ਧੀਆਂ ਦੇ ਦਾਜ ਬਗੈਰ ਵਿਆਹ ਕੀਤੇ ਜਾਣ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ: ਰਾਮੂਵਾਲੀਆ ਨੇ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਦੀ ਰੱਜ ਕੇ ਅਲੋਚਨਾਂ ਕੀਤੀ ਅਤੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਤੀਸਰੇ ਬਦਲ ਵਜੋਂ ਲੋਕ ਭਲਾਈ ਪਾਰਟੀ ਨੂੰ ਅਪਨਾਉਣ।




ਉਨ੍ਹਾਂ ਪੰਜਾਬ ਕਾਂਗਰਸ ਦੇ ਵਿਰੋਧੀ ਧਿਰ ਦੇ ਰੋਲ ਨੂੰ ਨਿੰਦਿਆਂ ਕਿਹਾ ਕਿ ਕਾਂਗਰਸ ਕੋਈ ਰੋਲ ਨਹੀਂ ਨਿਭਾ ਰਹੀ ਜਦਕਿ ਵਿਰੋਧੀ ਧਿਰ ਵਜੋਂ ਹੁਣ ਲੋਕ ਭਲਾਈ ਪਾਰਟੀ ਹੀ ਕੰਮ ਕਰ ਰਹੀ ਹੈ। ਕੇਂਦਰੀ ਬਜਟ ਨੂੰ ਗਰੀਬ ਵਿਰੋਧੀ ਦੱਸਦਿਆਂ ਸ: ਰਾਮੂਵਾਲੀਆ ਨੇ ਕਿਹਾ ਕਿ ਕੇਂਦਰ ਦੀਆਂ ਗਲਤ ਨੀਤੀਆਂ ਕਾਰਨ ਹੀ ਮਹਿੰਗਾਈ ਸਿਖਰਾਂ ਛੂਹ ਰਹੀ ਹੈ। ਇਸ ਮੌਕੇ ਸ: ਰਾਮੂਵਾਲੀਆ ਨੇ ਜਿਥੇ ਕਈ ਵਿਦੇਸ਼ਾਂ 'ਚ ਜੇਲ੍ਹੀ ਰੁਲਦੇ ਨੌਜਵਾਨ ਜੋ ਉਨ੍ਹਾਂ ਦੀ ਹਿੰਮਤ ਸਦਕਾ ਮੁੜ ਦੇਸ਼ ਪਰਤੇ ਹਨ, ਨੂੰ ਮੰਚ 'ਤੇ ਪੇਸ਼ ਕੀਤਾ ਉਥੇ ਉਨ੍ਹਾਂ ਕਈ ਲੜਕੀਆਂ ਦੇ ਦੁੱਖੜੇ ਵੀ ਸਟੇਜ ਉਪਰ ਹੀ ਸੁਣੇ। ਰੈਲੀ ਨੂੰ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਯੋਧਾ ਸਿੰਘ ਮਾਨ, ਯੂਥ ਵਿੰਗ ਦੇ ਸੂਬਾਈ ਆਗੂ ਦੀਪਇੰਦਰ ਸਿੰਘ ਅਕਲੀਆ, ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਮੀਹਾਂ, ਸੁਰਜੀਤ ਸਿੰਘ ਅਕਾਲੀ, ਧਰਮਪਾਲ ਕੋਟਲੀ, ਤੇਜਵਿੰਦਰ ਸਿੰਘ ਭੈਣੀਬਾਘਾ, ਡਾ. ਅਮਰ ਸਿੰਘ ਭਾਦੜਾ, ਮਹਿੰਦਰ ਸਿੰਘ ਗੁੜੱਦੀ, ਸੁਖਦੇਵ ਸਿੰਘ ਪਲਟਾ ਬਠਿੰਡਾ, ਜਸਵੀਰ ਸਿੰਘ ਲਾਡਾ, ਗੁਰਮੀਤ ਸਿੰਘ ਚਾਉਂਕੇ, ਪਰਮਜੀਤ ਸਿੰਘ ਬਚੀ, ਮੇਜਰ ਸਿੰਘ ਮਾਨ, ਤੇਜਾ ਸਿੰਘ, ਹੁਕਮਾ ਸਿੰਘ ਖੋਖਰ, ਜਸਵੀਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

06ਮਾਨਸਾ02 ਮਾਨਸਾ ਵਿਖੇ ਪੰਜਾਬ ਸਰਕਾਰ ਜਗਾਓ ਰੈਲੀ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ। ਇਸ ਮੌਕੇ ਜੁੜਿਆ ਇਕੱਠ।

## ਨਸ਼ਿਆਂ ਨੂੰ ਰੋਕਣ ਲਈ ਵਾਰਡ ਵਾਰ ਅਤੇ ਪਿੰਡ ਪੱਧਰ ਤੇ ਨਸ਼ਾ ਵਿਰੋਧੀ ਕਮੇਟੀਆਂ ਗਠਿਤ

ਮਾਲੇਰਕੋਟਲਾ 6ਮਾਰਚ (ਜਮੀਲ ਅਬਦਾਲੀ)–ਸਥਾਨਕ ਪੁਲੀਸ, ਸਬ ਡਵੀਜਨ ਮਾਲੇਰਕੋਟਲਾ ਅੰਦਰ ਵਿਕ ਰਹੇ ਨਸ਼ਿਆਂ ਨੂੰ ਰੋਕਣ ਲਈ ਵਾਰਡਵਾਰ ਅਤੇ ਪਿੰਡ ਪੱਧਰ ਤੇ ਨਸ਼ਾ ਵਿਰੋਧੀ ਕਮੇਟੀਆਂ ਦਾ ਗਠਨ ਕਰ ਰਹੀ ਹੈ। ਇਹ ਕਮੇਟੀਆਂ ਸ਼ਹਿਰ ਅੰਦਰ ਵਾਰਡ ਦੇ ਕੌਂਸਲਰ ਦੀ ਅਗਵਾਈ ਵਿੱਚ ਅਤੇ ਪਿੰਡ



ਵਿੱਚ ਸਰਪੰਚ ਦੀ ਅਗਵਾਈ ਵਿੱਚ ਬਣਨਗੀਆਂ। ਇਨ੍ਹਾਂ ਕਮੇਟੀਆਂ ਵਿੱਚ ਯੂਥ ਕਲੱਬਾਂ, ਸਮਾਜ ਸੇਵੀ ਸੰਸਥਾਵਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾਂ ਪਤਵੰਤੇ ਸੱਜਣਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾਂ ਅੱਜ ਡੀ.ਐਸ.ਪੀ. ਮਾਲੇਰਕੋਟਲਾ, ਸ੍ਰੀ ਸੁਖਦੇਵ ਸਿੰਘ ਵਿਰਕ ਨੇ ਸਦਰ ਥਾਣਾ ਵਿਖੇ ਵੱਖ–ਵੱਖ ਸਿਆਸੀ ਪਾਰਟੀਆਂ ਦੇ ਆਗੂਆਂ, ਕੌਂਸਲਰਾਂ, ਸਰਪੰਚਾਂ, ਪੰਚਾਂ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਨਸ਼ਿਆਂ ਦਾ ਰੁਝਾਨ ਖਤਰਨਾਕ ਹੱਦ ਤੇ ਪਹੁੰਚ ਗਿਆ ਹੈ। ਲੋਕਾਂ ਦੇ ਸਹਿਯੋਗ ਨਾਲ ਹੀ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਸ੍ਰੀ ਵਿਰਕ ਨੇ ਕਿਹਾ ਕਿ ਨਸ਼ੇ ਸਭ ਬੁਰਾਈਆਂ ਜੜ੍ਹ ਹਨ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਮੇਰੇ 22 ਸਾਲ ਸਰਵਿਸ ਤਜਰਬੇ ਵਿੱਚ ਦੇਖਣ ਆਇਆ ਹੈ ਕਿ ਸਮਾਜ ਵਿੱਚ ਹਮੇਸਾਂ ਨੇਗਵਿਟ ਅਤੇ ਪੋਜੀਵਿਟ ਦੋ ਤਰ੍ਹਾਂ ਦੇ ਵਿਅਕਤੀ ਜ਼ਰੂਰ ਹੁੰਦੇ ਹਨ। ਨੇਗਵਿਟ ਤੋਂ ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ। ਅੱਸੀਵਿਆਂ ਦੇ ਦਹਾਕੇ ਤੋਂ ਬਾਦ ਆਈ ਰਾਜਨੀਤਿਕ, ਸੱਭਿਆਚਾਰਕ ਅਤੇ ਆਰਥਿਕ ਤਬਦੀਲੀ ਨੇ ਪੰਜਾਬ ਦੇ ਮਹੌਲ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰ ਪਰਿਵਾਰ ਕਿਸੇ ਨਾ ਕਿਸੇ ਰੂਪ ਵਿੱਚ ਨਸ਼ਿਆਂ ਤੋਂ ਪ੍ਰਭਾਵਿਤ ਹੈ। ਉਨ੍ਹਾਂ ਕਿਹਾ ਕਿ ਇਹ ਨਸ਼ਾ ਵਿਰੋਧੀ ਕਮੇਟੀਆਂ ਪਹਿਲਾਂ ਆਪਣੇ ਪੱਧਰ ਤੇ ਨਸ਼ਾ ਵੇਚਣ ਵਾਲਿਆਂ ਨੂੰ ਵਰਜਣਗੀਆਂ, ਜੇਕਰ ਨਸ਼ਾ ਵੇਚਣ ਵਾਲੇ ਫਿਰ ਵੀ ਬਾਜ਼ ਨਹੀਂ ਆਉਦੇ ਤਾਂ ਪੁਲੀਸ ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕਰੇਗੀ। ਸ੍ਰੀ ਵਿਰਕ ਨੇ ਕਿਹਾ ਕਿ ਫ਼ਿਰਕਾ ਪ੍ਰਸਤੀ ਦੇਸ਼ ਨੂੰ ਵੱਡੇ ਖ਼ਤਰੇ ਦੇ ਰੂਪ ਵਿੱਚ ਦਰਪੇਸ਼ ਹੈ। ਉਨ੍ਹਾਂ ਪਿੰਡਾਂ ਦੇ ਸਰਪੰਚਾਂ, ਪੰਚਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਮੈ ਵੀ ਪੇਂਡੂ ਪਿਛਕੋੜ ਵਿਚੋਂ ਹੀ ਹਾਂ, ਸੋ ਪਿੰਡਾਂ ਵਿੱਚ ਕਿਸੇ ਥਾਂ ਤੇ ਕੋਈ ਮਾੜਾ ਅਨਸਰ ਦਿਖਾਈ ਦਿੰਦਾ ਹੈ ਤਾਂ ਉਸ ਦੀ ਜਾਣਕਾਰੀ ਪੁਲੀਸ ਨੂੰ ਦਿਓ। ਇਸ ਨਾਲ ਇੱਕ ਮੁੱਠ ਹੋ ਕੇ ਨਜਿੱਠਣ ਦੀ ਲੋੜ ਹੈ। ਸਾਨੂੰ ਸਭਨਾਂ ਨੂੰ ਆਪਸੀ ਸਾਂਝ ਦਾ ਖਿਆਲ ਰੱਖਦੇ ਹੋਏ ਦੂਜੇ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਛੋਟੇ–ਮੋਟੇ ਝਗੜੇ ਆਪਣੇ ਪੱਧਰ ਤੇ ਹੀ ਨਿਬੇੜੇ ਜਾਣ। ਉਨ੍ਹਾਂ ਉਚੇਚੇ ਤੌਰ 'ਤੇ ਕਿਹਾ ਕਿ ਗ਼ੈਰ ਸਮਾਜੀ ਅਨਸਰਾਂ ਨਾਲ ਪੁਲੀਸ ਦੀ ਮਿਲੀ ਭੁਗਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਥਾਣਾ ਸਦਰ, ਮੁਖੀ ਸ. ਗੁਰਦੇਵ ਸਿੰਘ ਧਾਲੀਵਾਲ ਨੇ ਕਿਹਾ ਕਿ ਪੁਲੀਸ ਅਤੇ ਲੋਕਾਂ ਦਾ ਆਪਸੀ ਸਹਿਯੋਗ ਹੀ ਨਸ਼ਾ ਵਿਰੋਧੀ ਮਹਿੰਮ ਵਿੱਚ ਕਾਰਗਰ ਸਾਬਤ ਹੋ ਸਕਦਾ ਹੈ। ਇਸ ਮੌਕੇ 'ਤੇਂ ਥਾਣਾ ਸਿਟੀ, ਮੁਖੀ ਅਜੈਪਾਲ ਸਿੰਘ, ਥਾਣਾ ਅਹਿਮਦਗੜ੍ਹ ਦੇ ਮੁਖੀ, ਹਰਵਿੰਦਰ ਸਿੰਘ ਖਹਿਰਾ ਵੀ ਮੌਜੂਦ ਸਨ। ਕੌਂਸਲਰ ਬੇਅੰਤ ਕਿੰਗਰ, ਆਲ ਇੰਡੀਆ ਯੂਨੀਅਨ ਮੁਸਲਿਮ ਲੀਗ ਪੰਜਾਬ ਦੇ ਪ੍ਰਧਾਨ ਮਹਿਮੂਦ ਅਹਿਮਦ ਥਿੰਦ, ਸੇਵਾ ਮੁਕਤ ਬੈਂਕ ਮੈਨੇਜਰ ਗੁਰਦੀਪ ਸਿੰਘ ਧਾਲੀਵਾਲ ਅਤੇ ਸਰਪੰਚ ਭਗਵਾਨ ਸਿੰਘ ਮਦੇਵੀ ਨੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂ ਕਰਵਾਉਦਿਆਂ ਕੁਝ ਸੁਝਾਅ ਪੇਸ਼ ਕੀਤੇ। ਅਖੀਰ ਵਿੱਚ ਡੀ.ਐਸ.ਪੀ. ਸੁਖਦੇਵ ਸਿੰਘ ਵਿਰਕ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਅੱਜ ਦੀ ਮੀਟਿੰਗ ਵਿੱਚ ਉਭਰੇ ਨੁਕਤਿਆਂ ਨੂੰ ਹੱਲ ਕਰਨ ਲਈ ਅਸਰਦਾਰ ਕਾਰਵਾਈ ਕੀਤੀ ਜਾਵੇਗੀ।

## ਪਿੰਡ ਜਾਤੀਵਾਲ ਵਿਖੇ ਭਾਈ ਜੈਤਾ ਜੀ ਦਾ ਜਨਮ ਦਿਹਾੜਾ ਮਨਾਇਆ

### ਲੋੜਵੰਦ ਪਰਿਵਾਰਾਂ ਨੂੰ 20-20 ਹਜ਼ਾਰ ਦੇ ਦਿੱਤੇ ਚੈੱਕ

ਭਾਦਸੋਂ, 6 ਮਾਰਚ, ਗੌਰਵ ਸੂਦ - ਪਿੰਡ ਜਾਤੀਵਾਲ ਵਿਖੇ ਭਾਈ ਜੈਤਾ ਜੀ ਦੇ ਜਨਮ ਦਿਹਾੜੇ ਸੰਬੰਧੀ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਪੱਛੜੀਆਂ ਸ੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਉਨਾਂ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਵਿਰਸੇ ਨਾਲੋਂ ਟੁੱਟ ਜਾਂਦੀਆਂ ਹਨ ਉਹ ਹਮੇਸ਼ਾਂ ਢਹਿੰਦੀ ਕਲਾ ਵਿਚ ਰਹਿੰਦੀਆਂ ਹਨ, ਅਤੇ ਜਿਹੜੀਆਂ ਕੌਮਾਂ ਆਪਣੇ ਵਿਰਸੇ ਨਾਲ ਜੁੜ ਕੇ ਰਹਿੰਦੀਆਂ ਹਨ ਉਹ ਹਮੇਸ਼ਾ ਚੜਦੀ ਕਲਾ ਵਿਚ ਰਹਿੰਦੀਆਂ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਪੁਰਾਤਨ ਅਮੀਰ ਤੇ ਸੱਭਿਆਚਾਰਕ ਵਿਰਸੇ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਪ੍ਰੋ: ਬਡੂੰਗਰ ਨੇ ਕਿਹਾ ਕਿ ਭਾਈ ਜੈਤਾ ਜੀ ਨੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚਾਂਦਨੀ ਚੌਂਕ ਦਿੱਲੀ ਤੋਂ ਸ੍ਰੀ ਆਨੰਦਰਪੁਰ ਸਾਹਿਬ ਲੈ ਕੇ ਆਏ ਸੀ ਜਿਸ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨਾਂ ਦੀ ਕੁਰਬਾਨੀ ਭਰੀ ਸੇਵਾ ਤੋਂ ਖੁਸ਼ ਹੋ ਕੇ ਭਾਈ ਜੈਤਾ ਜੀ ਨੂੰ ਰੰਘਰੇਟੇ ਗੁਰੂ ਕੇ ਬੇਟੇ ਦਾ ਖਿਤਾਬ ਦਿੱਤਾ। ਸਾਨੂੰ ਅਜਿਹੇ ਯੋਧਿਆਂ ਦੀਆਂ ਲਾਮਿਸਾਲ ਕੁਰਬਾਨੀਆਂ ਨੂੰ ਭੁੱਲਣਾ ਨਹੀਂ ਚਾਹੀਦਾ ਸਗੋਂ ਉਨਾਂ ਦੇ ਜੀਵਨ ਤੋਂ ਸਹੀ ਸੇਧ ਲੈ ਕੇ ਆਪਣੇ ਜੀਵਨ ਨੂੰ ਉਨਾਂ ਦੇ



ਦੱਸੇ ਲਕਸ਼ੇ ਕਦਮ ਤੇ ਚੱਲਣ ਲਈ ਆਪਣੇ ਆਪ ਨੂੰ ਢਾਲਣਾ ਚਾਹੀਦਾ ਹੈ। ਉਨਾਂ ਅੱਗੇ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਕਰਵਾਏ ਇਸ ਧਾਰਮਿਕ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਇਸ ਤਰਾਂ ਦੇ ਧਾਰਮਿਕ ਦਿਹਾੜੇ ਵੱਡੀ ਤੋਂ ਵੱਡੀ ਗਿਣਤੀ ਵਿਚ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਸਮਾਗਮ ਮੌਕੇ ਪ੍ਰੋ: ਬਡੂੰਗਰ ਵੱਲੋਂ ਪੰਜਾਬ ਸਰਕਾਰ ਵੱਲੋਂ ਭੇਜੇ ਗਏ ਦੋ ਲੋੜਵੰਦਾਂ ਪਰਿਵਾਰਾਂ ਨੂੰ ਮਕਾਨਾਂ ਦੀ ਮੁਰੰਮਤ ਲਈ 20–20 ਹਜ਼ਾਰ ਰੁਪਏ ਦੇ ਚੈਕ ਵੀ ਸੌਂਪੇ ਗਏ। ਇਸ ਮੌਕੇ ਹਰਜੀਤ ਸਿੰਘ ਜਾਤੀਵਾਲ ਅਤੇ ਇਲਾਕਾ ਨਿਵਾਸੀਆਂ ਵੱਲੋਂ ਪ੍ਰੋ: ਬਡੂੰਗਰ ਦਾ ਸਿਰੋਪਾਓ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨ ਵੀ ਕੀਤਾ ਗਿਆ। ਇਸ ਸਮਾਗਮ ਮੌਕੇ ਹਰਜੀਤ ਸਿੰਘ ਜਾਤੀਵਾਲ, ਜਥੇਦਾਰ ਲਾਲ ਸਿੰਘ ਰਣਜੀਤਗੜ ਸੀਨੀਅਰ ਅਕਾਲੀ ਆਗੂ,ਹਰਚਰਨ ਸਿੰਘ ਨੰਬਰਦਾਰ, ਭੁਪਿੰਦਰ ਸਿੰਘ ਮਾਨ, ਗੁਰਪ੍ਰੀਤ ਸਿੰਘ ਸ਼ਿਆਮ ਸਿੰਘ ਅਤੇ ਪਿੰਡ ਵਾਸੀ ਮੋਜੂਦ ਸਨ।

## ਭਾਕਿਯੂ ਦੇ ਅਹੁੱਦੇਦਾਰ ਚੁਣੇ

ਭੰਦੋੜ, 6 ਮਾਰਚ (ਰਾਕੇਸ਼ ਗਰਗ ਰੌਕੀ)–ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੀ ਮੀਟਿੰਗ ਬਲਾਕ ਪ੍ਰਧਾਨ ਬੰਤ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਕਸਬਾ ਭੰਦੋੜ ਦੀ ਇਕਾਈ ਦੀ ਚੋਣ ਕੀਤੀ ਗਈ ਜਿਸ ਵਿੱਚ ਸ਼ੇਰ ਸਿੰਘ ਭੁੱਲਰ ਪ੍ਰਧਾਨ, ਮੇਜ਼ਰ ਸਿੰਘ ਭਲੋਰੀਆ ਸੀਨੀਅਰ ਮੀਤ ਪ੍ਰਧਾਨ, ਮੰਗਤ ਰਾਮ ਮੀਤ ਪ੍ਰਧਾਨ, ਜਰਨੈਲ ਸਿੰਘ ਜਨਰਲ ਸਕੱਤਰ, ਅਮਰਜੀਤ ਸਿੰਘ ਘੋਗਾ ਅਤੇ ਪਰਮਜੀਤ ਸਿੰਘ ਸਕੱਤਰ, ਦਲੀਪ ਸਿੰਘ ਖ਼ਜ਼ਾਨਚੀ, ਰਾਮ ਸਿੰਘ ਸਹਾਇਕ ਖ਼ਜ਼ਾਨਚੀ, ਹਰਦੇਵ ਸਿੰਘ, ਕਾਲਾ ਸਿੰਘ ਭਾਈਕਾ ਪ੍ਰੈਸ ਸਕੱਤਰ ਚੁਣ ਗਏ। ਇਸ ਮੀਟਿੰਗ ਵਿੱਚ ਕਿਸਾਨ ਆਗੂ ਭੋਲਾ ਸਿੰਘ ਉਨ੍ਹਾਂ ਬਲਾਕ ਜਨਰਲ ਸਕੱਤਰ ਦੇਬੂ ਸਿੰਘ, ਕਰਮਜੀਤ ਮਾਨ ਜ਼ਿਲ੍ਹਾ ਮੀਤ ਪ੍ਰਧਾਨ, ਅਮਰ ਸਿੰਘ ਬਲਾਕ ਸਕੱਤਰ, ਦਰਸ਼ਨ ਸਿੰਘ, ਬਚਿੱਤਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਆਗੂਆਂ ਦੀ ਹਾਜ਼ਰੀ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ 11 ਮਾਰਚ 2010 ਨੂੰ ਯੂਨੀਅਨ ਵੱਲੋਂ ਬਲਾਕ ਪੱਧਰ 'ਤੇ ਵੱਖ–ਵੱਖ ਪਿੰਡਾਂ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ ਅਤੇ 15 ਮਾਰਚ 2010 ਨੂੰ ਸੁਖਬੀਰ ਸਿੰਘ ਬਾਦਲ ਅਤੇ ਮਨੋਰੰਜਨ ਕਾਲੀਆ ਦੀ ਕਿਸਾਨ ਮਾਰੂ ਰਿਪੋਰਟ ਜਿਸ ਵਿੱਚ ਕਿਸਾਨ ਨੂੰ ਮੋਟਰਾਂ ਦੇ ਬਿੱਲ ਅਤੇ ਮਾਲੀਆ ਲਾਗੂ ਕਰਨ ਦੀ ਸ਼ਿਫਾਰਸ਼ ਕੀਤੀ ਗਈ ਹੈ ਦੇ ਵਿਰੋਧ ਵਿੱਚ ਜਗਰਾਓਂ ਵਿਖੇ ਵਿਸ਼ਾਲ ਧਰਨੇ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ।

## 51 ਵਿਧਵਾਵਾਂ ਨੂੰ 10-10 ਹਜ਼ਾਰ ਦੀ ਸਹਾਇਤਾ

ਬਰਨਾਲਾ, 6 ਮਾਰਚ (ਪ.ਪ.)- ਭਾਰਤ ਨਿਰਮਾਣ ਜਨ ਸੂਚਨਾ ਮੁਹਿੰਮ ਦੌਰਾਨ ਕੌਮੀ ਸਮਾਜਿਕ ਸੁਰੱਖਿਆ ਪਰਿਵਾਰਕ ਲਾਭਪਾਤਰੀ ਯੋਜਨਾ ਹੇਠ ਅੱਜ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ 51 ਵਿਧਵਾਵਾਂ ਨੂੰ 10-10 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਪ੍ਰਦਾਨ ਕੀਤੀ ਗਈ। ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ੍ਰੀ ਪਰਮਿੰਦਰ ਸਿੰਘ ਢੀਂਡਸਾ ਤੇ ਜਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਸ੍ਰੀ ਗੁਰਤੇਜ਼ ਸਿੰਘ ਖੁੱਡੀਕਲਾਂ ਨੇ ਗਰੀਬੀ ਰੇਖਾ ਤੋਂ ਹੇਠਾਂ ਪਰਿਵਾਰਾਂ ਦੀਆਂ ਇਨ੍ਹਾਂ ਵਿਧਵਾਵਾਂ ਨੂੰ ਮਾਲੀ ਸਹਾਇਤਾ ਤਕਸੀਮ ਕੀਤੀ।

## ਮਹਿਲਾ ਰਾਖਵਾਂਕਰਨ 'ਤੇ ਦੋਗਲੀ...

ਸਫਾ 1 ਦੀ ਬਾਕੀ

**ਚੰਡੀਗੜ੍ਹ** - ਸ਼੍ਰੋਮਣੀ ਅਕਾਲੀ ਦਲ ਨੇ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਮਹਿਲਾਵਾਂ ਲਈ 33 ਫੀਸਦੀ ਸੀਟਾਂ ਰਾਖਵੀਂਆਂ ਕਰਨ ਦੀ ਵਿਵਸਥਾ ਵਾਲੇ ਮਹਿਲਾ ਰਾਖਵਾਂਕਰਨ ਬਿੱਲ ਦੀ ਡਟਵੀਂ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਇਥੇ ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਕੀਤੇ ਇਕ ਬਿਆਨ ਵਿਚ ਪਾਰਟੀ ਦੇ ਪ੍ਰਧਾਨ ਸ੍ ਸੁਖਬੀਰ ਸਿੰਘ ਬਾਦਲ ਨੇ ਇਸ ਹਮਾਇਤ ਦਾ ਐਲਾਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਮਹਿਲਾਵਾਂ ਨੂੰ ਸਮਾਜਿਕ, ਆਰਥਿਕ ਤੇ ਰਾਜਸੀ ਤੌਰ 'ਤੇ ਵਧੇਰੇ ਸ਼ਕਤੀਆਂ ਦੇਣ ਅਤੇ ਉਹਨਾਂ ਨੂੰ ਫੈਸਲਾ ਲੈਣ ਦੀ ਪ੍ਰਕਿਰਿਆ ਵਿਚ ਹਿੱਸੇਦਾਰ ਬਣਾਉਣ ਦੀ ਡਟਵੀਂ ਹਮਾਇਤ ਕੀਤੀ ਹੈ। ਉਹਨਾਂ ਕਿਹਾ ਕਿ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਮਹਿਲਾਵਾਂ ਲਈ 33 ਫੀਸਦੀ ਸੀਟਾਂ ਰਾਖਵੀਂਆਂ ਕਰਨਾ ਮਹਿਲਾਵਾਂ ਨੂੰ ਸਮਾਜਿਕ ਤੌਰ 'ਤੇ ਸ਼ਕਤੀਸ਼ਾਲੀ ਬਣਾਉਣ ਦੀ ਦਿਸ਼ਾ ਵਿਚ ਇਕ ਸਾਰਥਕ ਕਦਮ ਹੈ ਜਿਸ ਨਾਲ ਮਹਿਲਾਵਾਂ ਭਰੂਣ ਹੱਤਿਆ, ਦਾਜ ਪ੍ਰਥਾ ਆਦਿ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਵਿਚ ਵੀ ਸਰਗਰਮ ਭੂਮਿਕਾ ਕਰ ਸਕਣਗੀਆਂ। ਉਹਨਾਂ ਕਿਹਾ ਕਿ ਮਹਿਲਾਵਾਂ ਅੱਜ ਸਮੁੱਚੇ ਸੰਸਾਰ ਵਿਚ ਮੋਹਰੀ ਰੋਲ ਅਦਾ ਕਰਨ ਵਿਚ ਅੱਗੇ ਆ ਰਹੀਆਂ ਹਨ ਤੇ ਇਸ ਬਿੱਲ ਦੀ ਪ੍ਰਵਾਨਗੀ ਨਾਲ ਭਾਰਤ ਵਿਚ ਮਹਿਲਾਵਾਂ ਦੇ ਸਸ਼ਕਤੀਕਰਨ ਦੇ ਯਤਨਾਂ ਨੂੰ ਵੱਡਾ ਹੁਲਾਰਾ ਮਿਲੇਗਾ। ਸ੍ਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਮਹਿਲਾਵਾਂ ਲਈ ਰਾਖਵੇਂਕਰਨ ਦੇ ਮਾਮਲੇ ਵਿਚ ਦੇਸ਼ ਵਿਚ ਮੋਹਰੀ ਭੂਮਿਕਾ ਅਦਾ ਕੀਤੀ ਹੈ ਕਿਉਂਕਿ ਇਸਦੇ ਸਦਕਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮਹਿਲਾਵਾਂ ਲਈ 30 ਸੀਟਾਂ ਰਾਖਵੀਂਆਂ ਕੀਤੀਆਂ ਗਈਆਂ। ਉਹਨਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਨੇ ਮਹਿਲਾਵਾਂ ਨੂੰ ਪੂਰਾ ਮਾਣ ਸਤਿਕਾਰ ਦੇਣ ਦੇ ਉਪਦੇਸ਼ ਦਿੱਤੇ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਹਨਾ ਉਪਦੇਸ਼ਾਂ ਦੀਪਾਲਣਾ ਕਰਦਿਆਂ ਮਹਿਲਾਵਾਂ ਨੂੰ ਸਮਾਜ ਵਿਚ ਸਨਮਾਨਯੋਗ ਥਾਂ ਦੇਣਾ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ। ਪਾਰਟੀ ਮੁਖੀ ਨੇ ਦੱਸਿਆ ਕਿ ਪਾਰਟੀ ਵੱਲੋਂ ਇਸਦੇ ਸੰਸਦ ਮੈਬਰਾਂ ਨੂੰ ਵਿਪ੍ਹ ਜਾਰੀ ਕਰ ਕੇ ਮਹਿਲਾ ਰਾਖਵਾਂਕਰਨ ਬਿੱਲ ਦੇ ਹੱਕ ਵਿਚ ਭੁਗਤਣ ਦੀ ਹਦਾਇਤ ਕੀਤੀ ਜਾ ਰਹੀ ਹੈ। ਉਹਨਾਂ ਨੇ ਹੋਰਨਾਂ ਪਾਰਟੀਆਂ ਨੂੰ ਵੀ ਰਾਜਸੀ ਲੀਹਾਂ ਤੋਂ ਉਪਰ ਉਠ ਕੇ ਇਸ ਸਮਾਜਿਕ ਕਾਰਜ ਦੀ

## 13 ਰੇਲ ਗੱਡੀਆਂ ਰੱਦ...

ਸਫਾ 1 ਦੀ ਬਾਕੀ

ਸੂਰਤਗੜ੍ਹ–ਹਨੂੰਮਾਨਗੜ੍ਹ ਵਿਚਕਾਰ, 338 ਲਾਲਗੜ੍ਹ–ਅਬੋਹਰ ਗੱਡੀ ਲਾਲਗੜ੍ਹ ਤੋਂ ਹਨੂੰਮਾਨਗੜ੍ਹ ਵਿਚਕਾਰ ਅਤੇ 339/340 ਅਬੋਹਰ–ਬੀਕਾਨੇਰ ਗੱਡੀਆਂ ਹੁਣ ਜੋਧਪੁਰ ਤੋਂ ਹਨੂੰਮਾਨਗੜ੍ਹ ਵਿਚਕਾਰ ਚੱਲਣਗੀਆਂ। ਇਹ ਤਬਦੀਲੀ 20 ਮਾਰਚ ਤੱਕ ਜਾਰੀ ਰਹੇਗੀ। ਇਸ ਤੋਂ ਬਾਅਦ ਇਹ ਸਾਰੀਆਂ ਗੱਡੀਆਂ ਆਪਣੇ ਪੁਰਾਣੇ ਰੂਆਂ ਉਤੇ ਚੱਲਣਗੀਆਂ। ਇਹ ਗੱਡੀਆਂ ਰੱਦ ਕਰਨ ਅਤੇ ਰੂਟ ਤਬਦੀਲ ਕਰਨ ਦਾ ਮੁੱਖ ਕਾਰਨ ਬਠਿੰਡਾ ਰੇਲਵੇ ਸਟੇਸ਼ਨ 'ਤੇ ਇੰਟਰ ਲਾਕਿੰਗ ਤੇ ਆਰ.ਆਰ.ਆਈ. ਸਿਸਟਮ, ਅਪਗ੍ਰੇਡ ਕੰਮ ਯਾਰਡ, ਟ੍ਰੈਕ ਸੀਟਿੰਗ, ਅਪਗ੍ਰੇਡੇਸ਼ਨ ਐਕਸਰਸਾਈਜ਼ ਆਦਿ ਕਰਨਾ ਸ਼ਾਮਿਲ ਹੈ। ਇਸ ਕੰਮ ਨੂੰ ਪੂਰਾ ਕਰਨ ਲਈ 1000 ਤੋਂ ਵੱਧ ਲੋਕੀਂ ਲੱਗਣਗੇ ਜੋ 20 ਮਾਰਚ ਤੱਕ ਪੂਰਾ ਕਰਨਗੇ।

## ਸਾਰੀਆਂ ਪ੍ਰਮੁੱਖ ਚੁਣੌਤੀਆਂ 'ਚ...

ਸਫਾ 1 ਦੀ ਬਾਕੀ

ਚਾਹੁੰਦੇ ਹਨ। ਭਾਰਤ ਤੋਂ ਇਲਾਵਾ ਬ੍ਰਾਜ਼ੀਲ, ਜਰਮਨੀ ਅਤੇ ਜਾਪਾਨ ਵੀ ਸੰਯੁਕਤ ਰਾਸ਼ਟਰ ਸੁੱਰਖਿਆ ਪ੍ਰੀਸ਼ਦ ਵਿਚ ਸਥਾਈ ਮੈਂਬਰਤਾ ਪਾਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਅਮਰੀਕਾ ਕੇਵਲ ਜਾਪਾਨ ਦਾ ਸਮਰਥਨ ਕਰਦਾ ਰਿਹਾ ਹੈ ਅਤੇ ਉਸ ਨੇ ਭਾਰਤ ਨੂੰ ਸਮਰਥਨ ਦਾ ਕੋਈ ਵਾਅਦਾ ਨਹੀਂ ਕੀਤਾ ਹੈ, ਹਾਲਾਂਕਿ ਓਬਾਮਾ ਪ੍ਰਸ਼ਾਸਨ ਦੇਸ਼ ਨੂੰ ਅਮਰੀਕਾ ਦਾ ਸੁਭਾਵਿਕ ਸਹਿਯੋਗੀ ਕਰਾਰ ਦਿੰਦਾ ਹੈ। ਬਲੈਕ ਨੇ ਕਿਹਾ ਕਿ ਭਾਰਤ ਸੰਯੁਕਤ ਰਾਸ਼ਟਰ ਦੀ ਮਹੱਤਤਾ ਨੂੰ ਸਮਝਦਾ ਹੈ।

## ਪੰਜਾਬ 'ਚ ਹੁਣ ਖੇਤੀ...

ਸਫਾ 1 ਦੀ ਬਾਕੀ

ਦੀ ਵੀ ਕਰੀਬ ਇੱਕ ਲੱਖ ਟਨ ਦੀ ਮੰਗ ਹੈ। ਕੇਂਦਰੀ ਵਿੱਤ ਮੰਤਰੀ ਦੀ ਬੀਤੇ ਸਾਲ ਦੇ ਬੱਜਟ ਸੈਸ਼ਨ ਵਿੱਚ ਕੀਤੇ ਐਲਾਨ ਦੀ ਪੂਰੀ ਤਰ੍ਹਾਂ ਬਦਲਦੇ ਹੋਏ ਕੇਂਦਰ ਸਰਕਾਰ ਨੇ ਬਜ਼ਾਰ ਦੇ ਹਿਸਾਬ ਤੋਂ ਕੀਮਤ ਤੈਅ ਕਰਨ ਦਾ ਫੈਸਲਾ ਕੀਤਾ ਹੈ।

ਵਰਤਮਾਨ ਵਿੱਚ ਡੀ.ਏ.ਪੀ. ਖਾਦ ਦਾ ਮੁੱਲ 9350 ਰੁਪਏ ਪ੍ਰਤੀ ਟਨ ਹੈ। ਵਧੀਆਂ ਕੀਮਤਾਂ ਤੋਂ ਬਾਅਦ ਇਹ ਕਰੀਬ 10 ਹਜ਼ਾਰ ਰੁਪਏ ਪ੍ਰਤੀ ਟਨ ਹੋ ਜਾਣਗੇ। ਇਸ ਪ੍ਰਕਾਰ ਪ੍ਰਤੀ ਬੋਰੀ ਦੀ ਕੀਮਤਾਂ ਵੀ 467 ਰੁਪਏ ਤੋਂ ਵਧ ਕੇ ਕਰੀਬ 500 ਰੁਪਏ ਪ੍ਰਤੀ ਬੋਰੀ ਹੋ ਜਾਵੇਗਾ। ਖੇਤੀਬਾੜੀ ਵਿਭਾਗ ਮੁਤਾਬਿਕ ਕੀਮਤਾਂ ਦੇ ਵਾਧੇ ਨਾਲ ਰਾਜ ਦੇ ਕਿਸਾਨਾਂ, ਪਰ ਕਰੀਬ 1603170 ਕਰੋੜ ਦਾ ਬੋਝ ਪਵੇਗਾ।

## ਅ.ਫਸਰਸ਼ਾਹੀ ਦੇ ਨਜਾਇਜ਼...

ਸਫਾ 1 ਦੀ ਬਾਕੀ

ਕੁਮਾਰ ਗੋਇਲ ਅਤੇ ਮਾਣਯੋਗ ਜਸਟਿਸ ਨਿਰਮਲਜੀਤ ਕੌਰ ਨੇ ਅੱਗੇ ਆਪਣੀ ਹੁਣ ਤੱਕ ਦੀ ਕਾਰਵਾਈ ਦੀ ਰਿਪੋਰਟ ਪੇਸ਼ ਕਰਦੇ ਹੋਏ ਏ.ਡੀ.ਜੀ.ਪੀ. ਚੰਦਰ ਸ਼ੇਖਰ ਨੇ ਕਿਹਾ। 29 ਜਨਵਰੀ ਦੀ ਅਦਾਲਤ ਦੀ ਮਾਨਹਾਨੀ ਦਾ ਨੋਟਿਸ ਜਾਰੀ ਹੋਣ ਤੋਂ ਬਾਅਦ ਵਿਕਾਸ ਤੇ ਜੋ ਤਾਜਾ ਜਾਣਕਾਰੀ ਮੁਹਈਆ ਹੋਈ ਹੈ। ਉਹ ਅਧੂਰੀ ਅਤੇ ਲਟਕਾਉ ਸੀ। ਸ੍ਰੀ ਚੰਦਰ ਸ਼ੇਖਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ 2455 ਵਿਅਕਤੀ ਉਲੰਘਣ ਕਰਤਾਵਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ, ਜੋ ਕਿ 3 ਨਵੰਬਰ 2009 ਦੀ ਸਟੇਟਸ ਰਿਪੋਰਟ ਵਿੱਚ ਦਰਜ ਹੈ। ਅੰਤ ਵਿੱਚ ਮਾਣਯੋਗ ਜੱਜਾਂ ਵੱਲੋਂ ਰਿਪੋਰਟ ਦੇਖਣ ਤੋਂ ਬਾਅਦ ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ ਚੰਦਰ ਸ਼ੇਖਰ ਨੂੰ ਜਾਂਚ ਪੜਤਾਲ ਮੁਕੰਮਲ ਕਰਨ ਲਈ ਤਿੰਨ ਮਹੀਨੇ ਦਾ ਹੋਰ ਸਮਾਂ ਦਿੱਤਾ ਗਿਆ ਹੈ।

## ਇਮਾਨਦਾਰੀ, ਸਖਤ ਮਿਹਨਤ ਦੀ ਮਿਸਾਲ...

ਸਫਾ 1 ਦੀ ਬਾਕੀ

ਮਿਹਨਤ ਸਦਕਾ ਇਸ ਵਿਭਾਗ ਵਿੱਚ ਵੱਖ–ਵੱਖ ਅਹੁਦਿਆਂ 'ਤੇ ਕੰਮ ਕੀਤਾ। ਆਪਣੀ ਲਿਆਕਤ ਅਤੇ ਕੰਮ ਕਰਨ ਦੇ ਢੰਗ ਸਦਕਾ ਉਹ ਤਰੱਕੀ ਕਰਕੇ ਤਹਿਸੀਲਦਾਰ ਬਣੇ ਅਤੇ ਮੁੜ ਵਸੇਬਾ ਵਿਭਾਗ ਵਿੱਚੋਂ ਡਿਪਟੀ ਡਾਇਰੈਕਟਰ ਦੇ ਤੌਰ 'ਤੇ ਸੇਵਾ ਕਰਦਿਆਂ 30 ਜੂਨ 1991 ਨੂੰ ਸੇਵਾ ਮੁਕਤ ਹੋਏ। ਚੌਧਰੀ ਮੀਹਾਂ ਰਾਮ ਨੇ ਸਮੁੱਚੀ ਸਰਕਾਰੀ ਸੇਵਾ ਦੌਰਾਨ ਆਪਣੀ ਇਮਾਨਦਾਰੀ ਅਤੇ ਸਖ਼ਤ ਮਿਹਨਤ ਦੀ ਅਜਿਹੀ ਮਿਸਾਲ ਕਾਇਮ ਕੀਤੀ, ਜਿਸਨੂੰ ਇਸ ਵਿਭਾਗ ਵਿੱਚ ਅੱਜ ਵੀ ਯਾਦ ਕੀਤਾ ਜਾਂਦਾ ਹੈ।

ਚੌਧਰੀ ਮੀਹਾਂ ਰਾਮ ਸਰਕਾਰੀ ਸੇਵਾ ਦੇ ਨਾਲ–ਨਾਲ ਸਮਾਜ ਸੇਵਾ ਅਤੇ ਧਾਰਮਿਕ ਕੰਮਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਆਪਣੀ ਕੌਮ ਦੇ ਲੋਕਾਂ ਦੀ ਹਰ ਪੱਖੋਂ ਤਰੱਕੀ ਹੁੰਦੀ ਦੇਖ ਕੇ ਉਹ ਬਹੁਤ ਖੁਸ਼ੀ ਮਹਿਸੂਸ ਕਰਦੇ ਸਨ। ਨੌਜਵਾਨਾਂ ਨੂੰ ਪੜ੍ਹਨ, ਚੰਗੇ ਕੰਮ ਕਾਰ ਸਿੱਖਣ, ਨੌਕਰੀਆਂ ਪ੍ਰਾਪਤ ਕਰਨ ਅਤੇ ਆਪਣੇ ਕਾਰੋਬਾਰ ਖੋਲ੍ਹਣ ਦੇ ਮਾਮਲੇ ਵਿੱਚ ਉਹ ਹਰ ਲੋੜਵੰਦ ਦੀ ਖੁੱਲ੍ਹੇ ਦਿਲ ਨਾਲ ਮਦਦ ਕਰਿਆ ਕਰਦੇ ਸਨ। ਨੌਜਵਾਨਾਂ ਨੂੰ ਸਿੱਖਿਆ ਵੱਲ ਪ੍ਰੇਰਤ ਕਰਨ ਅਤੇ ਵੱਡੀਆਂ ਪ੍ਰਾਪਤੀਆਂ ਕਰਦਿਆਂ ਦੇਖ ਉਹ ਬਹੁਤ ਹੌਸਲੇ ਵਿੱਚ ਆ ਜਾਇਆ ਕਰਦੇ ਸਨ। ਹਮੇਸ਼ਾ ਹੀ ਸਮਾਜ ਭਲਾਈ ਕੰਮਾਂ ਨੂੰ ਸਮਰਪਿਤ ਰਹੇ ਚੌਧਰੀ ਮੀਹਾਂ ਰਾਮ ਸਮਾਜ ਲਈ ਇੱਕ ਪ੍ਰੇਰਨਾਸਰੋਤ ਦੇ ਰੂਪ ਵਿੱਚ ਹਮੇਸ਼ਾ ਜਾਣੇ ਜਾਂਦੇ ਰਹਿਣਗੇ। ਉਨ੍ਹਾਂ ਦੀ ਜ਼ਿੰਦਗੀ ਦਾ ਇੱਕ ਹੋਰ ਪੱਖ ਵੀ ਬਹੁਤ ਮਹੱਤਵਪੂਰਨ ਸੀ ਕਿ ਆਖਰੀ ਸਮੇਂ ਤੱਕ ਸਰੀਰਕ ਤੌਰ 'ਤੇ ਉਹ ਪੂਰੀ ਤਰ੍ਹਾਂ ਤੰਦਰੁਸਤ ਅਤੇ ਫਿੱਟ ਰਹੇ। ਮੌਤ ਸਮੇਂ ਵੀ ਉਨ੍ਹਾਂ ਦੀ ਤਬੀਅਤ ਹਲਕੀ ਜਿਹੀ ਵਿਗੜੀ ਅਤੇ ਕੁਝ ਸਮੇਂ ਬਾਅਦ ਹੀ ਉਹ 22 ਫਰਵਰੀ 2010 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਚੌਧਰੀ ਮੀਹਾਂ ਰਾਮ ਦੀ ਜ਼ਿੰਦਗੀ ਦਾ ਜਿਸ ਤਰ੍ਹਾਂ ਹਰ ਪਲ ਸਮਾਜ ਦੀ ਅਮੀਰੀ ਵੇਖਣ ਅਤੇ ਵਧਾਉਣ ਨੂੰ ਸਮਰਪਿਤ ਰਿਹਾ, ਉਸ ਦਾ ਅਸਰ ਉਨ੍ਹਾਂ ਦੇ ਪਰਿਵਾਰ ਨੇ ਵੀ ਕਬੂਲ ਕੀਤਾ ਹੈ। ਉਨ੍ਹਾਂ ਦੀ ਪਤਨੀ ਸ੍ਰੀਮਤੀ ਰਾਮ ਪਿਆਰੀ ਨੇ ਵੀ ਉਨ੍ਹਾਂ ਦੇ ਹਰ ਕਾਰਜ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਉਨ੍ਹਾਂ ਦੀ ਮਦਦ ਕੀਤੀ। ਉਨ੍ਹਾਂ ਦੇ ਸਮਾਜਿਕ ਕੰਮਾਂ ਵਿੱਚ ਰੁੱਝੇ ਰਹਿਣ ਦੌਰਾਨ ਇੱਕ ਮਾਂ ਦੇ ਨਾਲ–ਨਾਲ ਪਿਤਾ ਵਾਲੀਆਂ ਜ਼ਿਮੇਵਾਰੀਆਂ ਵੀ ਨਿਭਾਉਂਦਿਆਂ ਬੱਚਿਆਂ ਨੂੰ ਸਮਾਜ ਦੇ ਚੰਗੇ ਸ਼ਹਿਰੀ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਉਨ੍ਹਾਂ ਦੇ ਸਪੁੱਤਰ ਸਤੀਸ਼ ਕੁਮਾਰ ਅਤੇ ਭਾਣਜੇ ਸੇਠ ਸਤਪਾਲ ਮੱਲ ਹੁਰਾਂ ਨੇ ਵੀ ਸਮਾਜਿਕ ਪ੍ਰਾਪਤੀਆਂ ਵਿੱਚ ਵੱਖਰਾ ਸਥਾਨ ਕਾਇਮ ਕੀਤਾ ਹੈ। ਇਨ੍ਹਾਂ ਨੇ ਚੌਧਰੀ ਮੀਹਾਂ ਰਾਮ ਦੀ ਅੰਤਿਮ ਸਮੇਂ ਦੌਰਾਨ ਨੇਕ ਪੁੱਤਰਾਂ ਵਾਂਗ ਅਥਾਹ ਸੇਵਾ ਕੀਤੀ। ਚੌਧਰੀ ਮੀਹਾਂ ਰਾਮ ਦੇ ਪੁੱਤਰ ਅਸ਼ੋਕ ਕੁਮਾਰ, ਸੰਤੋਸ਼ ਕੁਮਾਰ ਅਤੇ ਰਾਕੇਸ਼ ਕੁਮਾਰ ਨੇ ਚੌਧਰੀ ਮੀਹਾਂ ਰਾਮ ਵੱਲੋਂ ਸਿਖਾਈ ਸਖਤ ਮਿਹਨਤ ਕਰਨ ਦੀ ਆਦਤ ਦੇ ਸਦਕਾ ਇੰਗਲੈਂਡ ਵਿੱਚ ਚੰਗੇ ਕਾਰੋਬਾਰ ਸਥਾਪਿਤ ਕੀਤੇ ਹਨ। ਉਨ੍ਹਾਂ ਦੇ ਇੱਕ ਪੁੱਤਰ ਸਤੀਸ਼ ਕੁਮਾਰ ਵੱਲੋਂ ਜਲੰਧਰ ਵਿੱਚ ਸਫਲ ਕਾਰੋਬਾਰ ਕੀਤਾ ਜਾ ਰਿਹਾ ਹੈ। ਚੌਧਰੀ ਮੀਹਾਂ ਰਾਮ ਦੇ ਭਾਣਜੇ ਸੇਠ ਸੱਤਪਾਲ ਮੱਲ ਵੀ ਸਮਾਜ ਸੇਵੀ ਕਾਰਜਾਂ ਅਤੇ ਕੌਮੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਚੌਧਰੀ ਮੀਹਾਂ ਰਾਮ ਦੀਆਂ ਸਿਖਿਆਵਾਂ ਦਾ ਉਨ੍ਹਾਂ ਦੀ ਸ਼ਖਸੀਅਤ ਦੇ ਵੀ ਬਹੁਤ ਡੂੰਘਾ ਅਸਰ ਹੈ। ਚੌਧਰੀ ਮੀਹਾਂ ਰਾਮ ਜੋ 22 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ, ਦੀਆਂ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ, ਕੀਰਤਨ ਅਤੇ ਅੰਤਿਮ ਅਰਦਾਸ 7 ਮਾਰਚ ਦਿਨ ਐਤਵਾਰ ਨੂੰ ਗੁਰੂ ਰਵਿਦਾਸ ਭਵਨ ਲਿੰਕ ਰੋਡ ਵਿਖੇ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਹੋ ਰਹੀ ਹੈ। ਇਸ ਮੌਕੇ ਹਰ ਸਮਾਜ ਦੀਆਂ ਸਤਿਕਾਰਯੋਗ ਸ਼ਖਸੀਅਤਾਂ ਅਤੇ ਸੱਜਣ ਮਿੱਤਰ ਭਾਰੀ ਗਿਣਤੀ ਵਿੱਚ ਹਾਜ਼ਰ ਹੋ ਕੇ ਚੌਧਰੀ ਮੀਹਾਂ ਰਾਮ ਨੂੰ ਸ਼ਰਧਾਂਜਲੀਆਂ ਭੇਟ ਕਰਨਗੇ। ਉਨ੍ਹਾਂ ਦੇ ਪਰਿਵਾਰਕ ਮੈਂਬਰ ਮਹਿੰਦਰ ਪਾਲ ਭਟੋਆ, ਸਿਮਰਜੀਤ ਕੌਰ ਭਟੋਆ, ਬਿਸ਼ਨ ਦਾਸ ਮੱਲ, ਅਸ਼ੋਕ ਕੁਮਾਰ, ਵਿੱਦਿਆ ਦੇਵੀ, ਸੰਤੋਸ਼ ਕੁਮਾਰ, ਰਾਜ ਭਟੋਆ, ਸਤੀਸ਼ ਕੁਮਾਰ, ਪੂਜਾ ਦੇਵੀ, ਰਾਕੇਸ਼ ਕੁਮਾਰ, ਸੁਨੀਤਾ ਭਟੋਆ, ਬੇਟੀ ਸ਼ੀਲਾ, ਨਿਰਮਲਾ ਦੇਵੀ, ਗੁਰਮੇਲ ਸਿੰਘ, ਆਸ਼ਾ ਅਤੇ ਵਿਜੇ ਬੰਗੜ ਦੇਸ਼ ਅਤੇ ਵਿਦੇਸ਼ ਤੋਂ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜੇ ਹੋਏ ਹਨ।

## ਦਾਜ, ਭਰੂਣ ਹੱਤਿਆ, ਬਾਲ ਮਜ਼ਦੂਰੀ ...

ਸਫਾ 1 ਦੀ ਬਾਕੀ

ਭਰੂਣ ਹੱਤਿਆ ਕਰਨ ਵਾਲੇ ਅਤੇ ਬੱਚਿਆਂ ਕੋਲੋਂ ਮਜ਼ਦੂਰੀ ਕਰਵਾਉਣ ਵਾਲੇ ਅਨਸਰਾਂ ਦਾ ਸਮਾਜਕ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਕੰਮ ਪੁਲਿਸ ਅਤੇ ਕਾਨੂੰਨੀ ਦਬਾਅ ਰਾਹੀਂ ਚੰਗੀ ਤਰ੍ਹਾਂ ਨਹੀਂ ਹੋ ਸਕਦੇ ਉਹ ਸਮਾਜਕ ਦਬਾਅ ਕਾਰਨ ਵਧੀਆ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਅੱਜ ਮਨੁੱਖ ਆਪਣੇ ਨਿੱਜੀ ਫਾਇਦਿਆਂ ਕਰਕੇ ਆਪਣੇ ਆਪ ਨੂੰ ਕਿਸੇ ਵੀ ਹੱਦ ਤੱਕ ਡੇਗਣ ਲਈ ਤਿਆਰ ਰਹਿੰਦਾ ਹੈ, ਜਿਵੇਂ ਕਿ ਸਰਕਾਰ ਵੱਲੋਂ ਚਲਾਈ ਗਈ ਗਰੀਬੀ ਦੀ ਸੀਮਾਂ ਤੋਂ ਹੇਠਾਂ ਰਹਿੰਦੇ ਲੋਕਾਂ ਨੂੰ ਦਿੱਤੇ ਲਾਭਾਂ ਦੀ ਸਕੀਮ ਨੂੰ ਪ੍ਰਾਪਤ ਕਰਨ ਲਈ ਚੰਗੇ ਘਰਾਂ ਦੇ ਲੋਕ ਵੀ ਇਸ ਸ਼੍ਰੈਣੀ ਵਿੱਚ ਆਪਣਾ ਨਾਂ ਦਰਜ਼ ਕਰਵਾਉਣ ਲਈ ਤਤਪਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਬੁਨਿਆਦੀ ਹੱਕਾਂ ਲਈ ਸੁਚੇਤ ਹਾਂ ਅਤੇ ਇਸ ਲਈ ਲੜਾਈ ਵੀ ਲੜਦੇ ਹਾਂ ਪਰ ਅਸੀਂ ਸਮਾਜ ਨੂੰ ਕੀ ਦਿੰਦੇ ਹਾਂ ਇਸ ਬਾਰੇ ਸਾਡਾ ਕੋਈ ਸਰੋਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਇਸਤਰੀਆਂ ਤੇ ਬੱਚਿਆਂ ਵਾਸਤੇ ਬਹੁਤ ਸਾਰੇ ਕਾਨੂੰਨ ਹਨ ਪਰ ਇਹ ਕਾਨੂੰਨ ਇਨ੍ਹਾਂ ਨੂੰ ਸਮਾਜ ਵਿੱਚ ਬਣਦਾ ਹੱਕ ਦਿਵਾਉਣ ਵਿੱਚ ਬਹੁਤੇ ਕਾਮਯਾਬ ਨਹੀਂ ਹੋਏ। ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਬਣਾਉਣ ਨਾਲੋਂ ਮੌਜੂਦਾ ਕਾਨੂੰਨਾਂ ਬਾਰੇ ਹੀ ਜਨ–ਸਧਾਨਰ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਿੱਖਿਆ ਕੇਂਦਰਾਂ ਨੂੰ ਸਮਾਜਿਕ ਬਦਲਾਅ ਦਾ ਕੇਂਦਰ ਬਣਨ ਲਈ ਕਿਹਾ ਤਾਂ ਜੋ ਸਮਾਜ ਦੀਆਂ ਸ਼ਕਤੀਆਂ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਪ੍ਰੋ. ਬਰਾੜ ਨੇ ਇਸ ਮੌਕੇ ਵਿਭਾਗ ਨੂੰ ਇਹ ਸੈਮੀਨਾਰ ਕਰਵਾਉਣ 'ਤੇ ਵਧਾਈ ਦਿੰਦੇ ਹੋਏ ਆਸ ਪ੍ਰਗਟਾਈ ਕਿ ਇਸ ਦੋ–ਦਿਨਾ ਸੈਮੀਨਾ ਦੌਰਾਨ ਪੇਸ਼ ਕੀਤੇ ਖੋਜ ਖਰਚੇ ਖੋਜਆਰਥੀਆਂ ਅਤੇ ਕਾਨੂੰਨ ਘਾੜਿਆਂ ਲਈ ਲਾਹੇਵੰਦ ਸਾਬਿਤ ਹੋਣਗੇ। ਇਸ ਤੋਂ ਪਹਿਲਾਂ ਵਿਭਾਗ ਦੇ ਮੁਖੀ ਡਾ. ਜਸਪਾਲ ਸਿੰਘ ਨੇ ਮਹਿਮਾਨਾਂ ਅਤੇ ਸੈਮੀਨਾਰ ਵਿੱਚ ਭਾਗ ਲੈਣ ਵਾਲਿਆਂ ਨੂੰ ਜੀ ਆਇਆਂ ਆਖਿਆ ਅਤੇ ਕਿਹਾ ਕਿ ਇਸ ਸੈਮੀਨਾਰ ਦਾ ਮੁੱਖ ਉਦੇਸ਼ ਇਸਤਰੀਆਂ ਅਤੇ ਬੱਚਿਆਂ ਦੇ ਹੱਕਾਂ ਪ੍ਰਤੀ ਬਣੇ ਕਾਨੂੰਨਾਂ 'ਤੇ ਵਿਚਾਰ ਕਰਨੀ ਹੈ। ਵਿਭਾਗ ਦੀ ਸੀਨੀਅਰ ਅਧਿਆਪਕ ਡਾ. ਰਾਜਿੰਦਰ ਪੁਆਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਸੈਮੀਨਾਰ ਦੇ ਕੋਆਰਡੀਨੇਟਰ ਡਾ. ਵਿਨੈ ਕਪੂਰ ਨੇ ਦੱਸਿਆ ਕਿ ਇਸ ਸੈਮੀਨਾਰ ਵਿੱਚ ਦੇਸ਼ ਦੇ ਵੱਖ–ਵੱਖ ਕੋਨਿਆਂ ਤੋਂ 200 ਡੈਲੀਗੇਟ ਭਾਗ ਲੈ ਰਹੇ ਹਨ ਅਤੇ 6 ਤਕਨੀਕੀ ਸੈਸ਼ਨਾਂ ਵਿੱਚ 140 ਖਰਚੇ ਪੜ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸੈਮੀਨਾਰ ਦੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਗੁਰਜੀਤ ਸਿੰਘ ਕਰਨਗੇ।

ਡਾ. ਰਾਜਿੰਦਰ ਮਰਵਾਹਾ, ਡਾ. ਸੁਪਿੰਦਰ ਕੌਰ, ਮਿਸ ਅਨੂੰ, ਮਿਸਜ਼ ਵਿਨੈ ਸ਼ਰਮਾ, ਮਿਸ ਪੂਜਾ ਸੂਦ, ਡਾ. ਅੰਮ੍ਰਿਤ ਵਰਮਾ, ਮਿਸ ਸੋਨੀਆਂ ਮਾਹਲ, ਮਿਸ ਮਨਪ੍ਰੀਤ ਗਰੇਵਾਲ, ਪਰਮਿੰਦਰ ਕੌਰ, ਡਾ. ਰੇਣੂ ਸੈਨੀ, ਸਕੱਤਰ ਸਿੰਘ, ਭਵਿਆ ਸਾਗਰ, ਗੁਰਪ੍ਰੀਤ ਕੌਰ, ਪ੍ਰਿਯੰਕਾ ਸ਼ਰਮਾ, ਅਰਵਿੰਦਕਾ ਚੌਧਰੀ ਅਤੇ ਪਾਰੁਲ ਨੇ ਅੱਜ ਦੂਜੇ ਸੈਸ਼ਨ ਵਿੱਚ ਆਪਣੇ ਖੋਜ਼ ਪਰਚੇ ਪੇਸ਼ ਕੀਤੇ।

## ...ਬੱਸ 1 ਮਿੰਟ

### ਉਘੇ ਆਜ਼ਾਦੀ ਘੁਲਾਟੀਏ ਭਾਗ ਸਿੰਘ ਦਾ ਦੇਹਾਂਤ

ਹੁਸ਼ਿਆਰਪੁਰ, 6 ਮਾਰਚ (ਵਿਸ਼ਵ ਵਾਰਤਾ)–ਪਿੰਡ ਪੁਰਹੀਰਾਂ ਦੇ ਉਘੇ ਆਜ਼ਾਦੀ ਘੁਲਾਟੀਏ ਸ੍ਰ: ਭਾਗ ਸਿੰਘ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਵਧ–ਚੜ੍ਹ ਕੇ ਹਿੱਸਾ ਲਿਆ, ਉਹ ਆਪਣੀ 90 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਸਵਰਗ ਸੁਧਾਰ ਗਏ। ਉਹ ਆਪਣੇ ਪਿੱਛੇ 2 ਲੜਕੇ ਅਤੇ 3 ਲੜਕੀਆਂ ਛੱਡ ਗਏ ਹਨ। ਸਵਰਗਵਾਸੀ ਸ੍ਰ: ਭਾਗ ਸਿੰਘ ਦੇ ਅਕਾਲ ਚਲਾਣੇ ਤੇ ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ਪੰਜਾਬ ਸ੍ਰੀ ਤੀਕਸ਼ਣ ਸੂਦ ਜੋ ਕਿ ਇਸ ਸਮੇਂ ਕੇਰਲਾ ਵਿਖੇ ਗਏ ਹੋਏ ਹਨ, ਵਿਸ਼ੇਸ਼ ਤੌਰ 'ਤੇ ਆਪਣੇ ਅਤੇ ਪੰਜਾਬ ਸਰਕਾਰ ਵੱਲੋਂ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਆਜ਼ਾਦੀ ਘੁਲਾਟੀਏ ਦੇ ਜਾਣ ਨਾਲ ਸਾਡੇ ਦੇਸ਼ ਨੂੰ ਬਹੁਤ ਘਾਟ ਮਹਿਸੂਸ ਹੋਵੇਗੀ। ਸਵਰਗਵਾਸੀ ਭਾਗ ਸਿੰਘ ਦਾ ਅੱਜ ਉਨ੍ਹਾਂ ਦੇ ਪਿੰਡ ਪੁਰਹੀਰਾਂ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਦੇ ਮੌਕੇ 'ਤੇ ਉਪ ਮੰਡਲ ਮੈਜਿਸਟਰੇਟ ਹੁਸ਼ਿਆਰਪੁਰ ਕੈਪਟਨ ਕਰਨੈਲ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਉਨ੍ਹਾਂ ਦੀ ਦੇਹ ਤੇ ਸ਼ਰਧਾ ਦੇ ਫੁੱਲ ਭੇਂਟ ਕਰਕੇ ਸ਼ਰਧਾਂਜ਼ਲੀ ਦਿੱਤੀ। ਨਾਇਬ ਤਹਿਸੀਲਦਾਰ ਅਮਰ ਨਾਥ ਨੇ ਵੀ ਇਸ ਮੌਕੇ 'ਤੇ ਉਨ੍ਹਾਂ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ। ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਹਥਿਆਰ ਉਲਟੇ ਕਰਕੇ ਉਨ੍ਹਾਂ ਨੂੰ ਸਲਾਮੀ ਦਿੱਤੀ ਅਤੇ ਸਰਕਾਰੀ ਸਨਮਾਨਾਂ ਨਾਲ ਸੰਸਕਾਰ ਕੀਤਾ ਗਿਆ।

### ਦਿੱਲੀ ਬਲਾਸਟ ਦਾ ਦੋਸ਼ੀ ਅੱਤਵਾਦੀ ਗ੍ਰਿਫਤਾਰ

ਲਖਨਊ, 6 ਮਾਰਚ (ਵਿਸ਼ਵ ਵਾਰਤਾ)–ਉਤਰ ਪ੍ਰਦੇਸ਼ ਏ.ਟੀ.ਐਸ. ਨੇ ਦਿੱਲੀ ਵਿਚ ਸਾਲ 2008 ਵਿਚ ਹੋਏ ਧਮਾਕਿਆਂ ਦੇ ਦੋਸ਼ੀ ਇੰਡੀਅਨ ਮੁਜਾਹੀਦੀਨ ਦੇ ਅੱਤਵਾਦੀ ਸਲਮਾਨ ਨੂੰ ਅੱਜ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸਲਮਾਨ ਨੂੰ ਨੇਪਾਲ ਸਰਹੱਦ ਨਾਲ ਲੱਗੇ ਸਿਧਾਰਥ ਨਗਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਸੂਤਰਾਂ ਨੇ ਦੱਸਿਆ ਕਿ ਸਲਮਾਨ ਨੂੰ ਇੰਡੀਅਨ ਮੁਜਾਹਿਦੀਨ ਦੇ ਅੱਤਵਾਦੀ ਅਤੇ ਦਿੱਲੀ ਧਮਾਕਿਆਂ ਦੇ ਇਕ ਹੋਰ ਦੋਸ਼ੀ ਸ਼ਹਿਜਾਦ ਦੀ ਨਿਸ਼ਾਨਦੇਹੀ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸਲਮਾਨ ਦਾ ਜੈਪੁਰ ਵਿਚ ਹੋਏ ਧਮਾਕਿਆਂ ਵਿਚ ਵੀ ਸ਼ਾਮਿਲ ਹੋਣ ਦਾ ਸ਼ੱਕ ਹੈ। ਉਤਰ ਪ੍ਰਦੇਸ਼ ਦੇ ਆਜਮਗੜ੍ਹ ਦਾ ਰਹਿਣ ਵਾਲਾ ਸਲਮਾਨ ਬਾਟਲਾ ਹਾਊਸ ਇਨਕਾਊਂਟਰ ਤੋਂ ਬਾਅਦ ਤੋਂ ਹੀ ਫਰਾਰ ਸੀ। ਜ਼ਿਕਰਯੋਗ ਹੈ ਕਿ 13 ਸਤੰਬਰ 2008 ਨੂੰ ਦਿੱਲੀ ਸੀਰੀਅਲ ਬੰਬ ਧਮਾਕਿਆਂ ਨਾਲ ਕੰਬ ਉਠੀ ਸੀ। ਇਨ੍ਹਾਂ ਧਮਾਕਿਆਂ ਵਿਚ 20 ਲੋਕਾਂ ਦੀ ਮੌਤ ਹੋ ਗਈ।

### ਕਾਰਗਿਲ ਸ਼ਹੀਦ ਦੀ ਯਾਦ ਵਿਚ ਕਬੱਡੀ ਟੂਰਨਾਮੈਂਟ ਅੱਜ ਤੋਂ

ਮਜੀਠਾ 6 ਮਾਰਚ (ਸੁਭਾਸ਼ ਮਜੀਠਾ) ਕਾਰਗਿਲ ਸ਼ਹੀਦ ਹਰਪਾਲ ਸਿੰਘ ਦੀ ਯਾਦ ਵਿਚ 11ਵਾਂ ਇਕ ਰੋਜਾ ਪੇਂਡੂ ਓਪਨ ਕਬੱਡੀ ਟੂਰਨਾਮੈਂਟ ਸ਼ਹੀਦ ਹਰਪਾਲ ਸਿੰਘ ਯਾਦਗਾਰੀ ਕਲੱਬ ਜੇਠੂਵਾਲ ਵਲੋਂ ਪਿੰਡ ਦੀ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ 7 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਇਲਾਕੇ ਦੀਆਂ ਨਾਮਵਰ ਕਬੱਡੀ ਟੀਮਾਂ ਪਹੁੰਚਣਗੀਆਂ। ਇਸ ਕਬੱਡੀ ਟੂਰਨਾਮੈਂਟ ਵਿਚ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਨੂੰ 20 ਹਜ਼ਾਰ ਰੁਪੈ ਤੇ ਦੂਜੇ ਸਥਾਨ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਰੁਪੈ ਨਗਦ ਰਾਸ਼ੀ ਵਜੋਂ ਦਿੱਤੇ ਜਾਣਗੇ। ਇਹ ਜਾਣਕਾਰੀ ਪ੍ਰੈਸ ਨੋਟ ਰਾਹੀ ਕਲੱਬ ਪ੍ਰਧਾਨ ਗੱਜਣ ਸਿੰਘ ਔਲਖ, ਬਲਵਿੰਦਰ ਸਿੰਘ ਔਲਖ, ਸਤਬੀਰ ਸਿੰਘ ਸਰਕਾਰੀਆ, ਗਗਨਦੀਪ ਸਿੰਘ ਲਿਖਾਰੀ, ਪਲਵਿੰਦਰ ਸਿੰਘ ਸਰਕਾਰੀਆ, ਸਲਵਿੰਦਰ ਸਿੰਘ ਸੋਲਖ, ਅਮਰੀਕ ਸਿੰਘ ਕਨੇਡਾ ਤੇ ਕ੍ਰਿਸ਼ਨ ਸਿੰਘ ਔਲਖ ਨੇ ਸਾਂਝੇ ਤੌਰ 'ਤੇ ਦਿੱਤੀ।

### 9 ਮਾਰਚ ਦੀ ਦਿੱਲੀ ਰੈਲੀ ਲਈ ਕਿਸਾਨ ਲਾਮਬੰਦ

ਤਲਵੰਡੀ ਸਾਬੋ, 6 ਮਾਰਚ (ਰਣਜੀਤ ਰਾਜੂ)–9 ਮਾਰਚ ਨੂੰ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਦਿੱਲੀ ਵਿਖੇ ਕੀਤੀ ਜਾਣ ਵਾਲੀ ਰੈਲੀ ਨੂੰ ਸਫ਼ਲ ਬਣਾਉਣ ਲਈ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਪ੍ਰਧਾਨ ਰਾਮਕਰਨ ਸਿੰਘ ਰਾਮਾਂ, ਜਨ. ਸਕੱਤਰ ਜਗਜੀਤ ਸਿੰਘ ਗਿਆਨਾ ਬਲਾਕ ਤਲਵੰਡੀ ਸਾਬੋ ਪ੍ਰਧਾਨ ਗੁਰਮੀਤ ਸਿੰਘ ਗੁਰੂਸਰ ਨੇ ਅੱਜ ਸਿੰਗੋ ਕੌਰੇਆਣਾ, ਮਿਰਜੇਆਣਾ, ਗਾਟਵਾਲੀ, ਤਿਉਣਾ, ਰਾਈਆ ਆਦਿ ਦਾ ਦੌਰਾ ਕੀਤਾ। ਯੂਨੀਅਨ ਦੇ ਸਵਾਮੀ ਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਲਈ 9 ਮਾਰਚ ਨੂੰ ਰੈਲੀ ਨਵੀਂ ਦਿੱਲੀ ਰੱਖੀ ਹੈ।'' ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਦਿੱਲੀ ਲੈ ਜਾਣ ਲਈ 8 ਮਾਰਚ ਨੂੰ ਪਿੰਡ ਕਟਾਰ ਸਿੰਘ ਵਾਲਾ ਤੋਂ ਦਿਨ ਦੇ 2 ਵਜੇ ਸਪੈਸ਼ਲ ਰੇਡ ਗੱਡੀ ਚਲੇਗੀ।

### ਗੁਰਦੁਆਰਾ ਸਾਹਿਬ ਦੇ ਵਰਾਂਡਿਆਂ ਦੀ ਕਾਰ ਸੇਵਾ ਆਰੰਭੀ

ਸ਼ਾਹਪੁਰ ਕੰਢੀ, 6 ਮਾਰਚ (ਜੰਡੀਰ, ਧਵਨ, ਜਥੇਦਾਰ)–ਗੁਰੂ ਰਵਿਦਾਸ ਮੰਦਰ ਸ਼ਾਹਪੁਰ ਕੰਢੀ ਟਾਊਨਸ਼ਿਪ ਵਰਾਂਡਿਆਂ ਦੀ ਕਾਰ ਸੇਵਾ ਆਰੰਭਣ ਦੀ ਜੋ ਲੰਮੇ ਸਮੇਂ ਤੋਂ ਯੋਜਨਾਂ ਸੀ ਪ੍ਰਧਾਨ ਨਛੱਤਰ ਸਿੰਘ, ਜੁਗਰਾਜ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਉਪਰਾਲੇ ਨਾਲ ਇਸ ਸ਼ੁੱਭ ਕਾਰਜ਼ ਦੀ ਆਰੰਭਤਾ ਪ੍ਰਧਾਨ ਨਛੱਤਰ ਆਪਣੇ ਸ਼ੁੱਭ ਕਮਲਾਂ ਦੇ ਹੱਥਾਂ ਨਾਲ ਸ਼ੁਰੂ ਕਰਕੇ ਸਕੱਤਰ ਜੋਗਰਾਜ ਸਿੰਘ, ਕੈਸ਼ੀਅਰ ਧਰਮਵੀਰ, ਸਾਬਕਾ ਸਕੱਤਰ ਸੁਖਦੇਵ ਸਿੰਘ, ਸ਼ਿਵ ਦਿਆਲ, ਉਤਮ ਚੰਦ, ਬਾਬਾ ਗੁਲਰਾਜ਼ ਸਿੰਘ, ਜੋਗਿੰਦਰ ਸਿੰਘ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਸੇਵਾ ਬੜੇ ਜੋਰਾਂ ਸ਼ੋਰਾਂ ਨਾਲ ਨਿਭਾ ਰਹੇ ਹਨ।

### ਆਪਟੀਕਲ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਕੱਲ੍ਹ

ਜਲੰਧਰ, 6 ਮਾਰਚ (ਅ.ਬ.)–ਜ਼ਿਲ੍ਹਾ ਜਲੰਧਰ ਆਪਟੀਕਲ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਸੋਮਵਾਰ 8 ਮਾਰਚ ਨੂੰ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਢੀਂਗਰਾ (ਪੰਜਾਬ ਆਪਟੀਕਲ ਕੰਪਨੀ) ਦੀ ਪ੍ਰਧਾਨਗੀ ਹੇਠ ਐਸੋਸੀਏਸ਼ਨ ਦੇ ਦਫਤਰ ਵਿੱਚ ਹੋਵੇਗੀ। ਇਸ ਵਿੱਚ ਸਾਰੇ ਅਹੁਦੇਦਾਰ ਸ਼ਾਮਲ ਹੋਣਗੇ।

### ਵਾਲਮੀਕਿ ਸਮਾਜ ਨਾਲ ਸਾਰੀਆਂ ਪਾਰਟੀਆਂ ਨੇ ਧੱਕਾ ਕੀਤਾ-ਚੰਦਲੀਆ

ਲੁਧਿਆਣਾ, 6 ਮਾਰਚ (ਰਾਜ ਜੋਸ਼ੀ)–ਦੇਸ਼ ਵਿੱਚ ਜੇ ਵਾਲਮੀਕਿ ਸਮਾਜ ਨਾਲ ਹਮੇਸ਼ਾ ਤੋਂ ਚੱਲਦਾ ਆ ਰਿਹਾ ਆਰਥਿਕ, ਸਮਾਜਿਕ ਅਤੇ ਧਾਰਮਿਕ ਅਤੇ ਵਿਸ਼ੇਸ਼ ਰੂਪ ਵਿੱਚ ਰਾਜਨੀਤਿਕ ਸ਼ੋਸ਼ਣ ਜੇ ਬੰਦ ਨਾ ਹੋਇਆ ਤਾਂ ਦੇਸ਼ ਫੇਰ ਗੁਲਾਮੀਂ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਜਾਵੇਗਾ। ਇਹ ਸ਼ਬਦ ਭਾਰਤੀ ਵਾਲਮੀਕਿ ਸਮਾਜ ਮੋਰਚਾ (ਰਜਿ.) ਭਾਰਤ ਦੇ ਸੰਸਥਾਪਕ ਭੂਲੇ ਰਾਮ ਚੰਦਲੀਆ ਨੇ ਇੱਥੇ ਸਰਕਟ ਹਾਊਸ ਵਿਖੇ ਇੱਕ ਪ੍ਰੈਸ ਮਿਲਣੀ 'ਚ ਕਹੇ। ਉਨ੍ਹਾਂ ਨਾਲ ਕੌਮੀ ਪ੍ਰਧਾਨ ਮਨੋਜ ਕੁਮਾਰ ਬੱਗਾ, ਪੰਜਾਬ ਪ੍ਰਧਾਨ ਅਰੁਣ ਕੁਮਾਰ ਵੈਦ, ਵਿੰਨੀ ਹੰਸ, ਮੀਤ ਪ੍ਰਧਾਨ ਪਵਨ ਗੁਲਰਾਜ਼ਸ ਸਚਿਨ ਹੰਸ, ਐਡਵੋਕੇਟ ਦੀਪਕ ਕੁਮਾਰ ਭੁੱਲਰ, ਦੀਪਕ ਸਹੋਤਾ, ਅਜੇ ਸਿੱਧੂ, ਸੂਰਜ, ਰਮੇਸ਼ ਢਿੱਲੋਂ ਤੇ ਬੌਬੀ ਭੇਨਵਾਲ ਵੀ ਹਾਜ਼ਰ ਸਨ।

### ਬਲਾਚੌਰ ਦੇ ਹੱਤਿਆ ਕਾਂਢ 'ਚ ਉਮਰ ਕੈਦ ਦੀ ਸਜ਼ਾ ਸੁਣਾਈ

ਬਲਾਚੌਰ, 6 ਮਾਰਚ (ਵਿਜੈ ਉਧਨੇ ਵਾਲੀਆ)–ਅੱਜ ਮਾਨਯੋਗ ਜ਼ਿਲ੍ਹਾ ਸੈਸ਼ਨ ਜੱਜ ਨਵਾਂ ਸ਼ਹਿਰ ਨੇ ਇੱਕ ਮਹੱਤਵਪੂਰਨ ਫੈਸਲਾ ਸੰਦੀਪ ਸੇਠੀ ਕਤਲ ਕਾਂਢ ਜੋ ਕਿ 30 ਅਪ੍ਰੈਲ 2008 ਨੂੰ ਬਲਾਚੌਰ ਵਿਖੇ ਵਾਪਰਿਆ ਸੀ ਦੇ ਸਬੰਧ ਵਿੱਚ ਦੋਸ਼ੀਆਂ ਨੂੰ ਉਮਰ ਕੈਦ ਸਜ਼ਾ ਕੇ ਦੇ ਕੀਤਾ। ਜਿਸ ਨਾਲ ਸਮੁੱਚੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

CMYK